# ਪ੍ਰਧਾਨ ਮੰਤਰੀ ਨੇ ਬੈਸਟੀਲ ਦਿਵਸ ਪਰੇਡ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ

July 14, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਮਿਸਟਰ ਇਮੈਨੁਅਲ ਮੈਕਰੋਨ ਦੇ ਸੱਦੇ 'ਤੇ 14 ਜੁਲਾਈ 2023 ਨੂੰ ਚੈਂਪਸ-ਏਲੀਸੀਸ ਵਿਖੇ ਬੈਸਟੀਲ ਦਿਵਸ ਪਰੇਡ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਭਾਰਤ-ਫਰਾਂਸ ਰਣਨੀਤਕ ਭਾਈਵਾਲੀ ਦੀ 25ਵੀਂ ਵਰ੍ਹੇਗੰਢ ਨੂੰ ਮਨਾਉਣ ਲਈ, ਇੱਕ ਫੌਜੀ ਬੈਂਡ ਦੀ ਅਗਵਾਈ ਵਿੱਚ 241 ਮੈਂਬਰੀ ਭਾਰਤੀ ਸੇਵਾਂਵਾਂ ਦੇ ਤਿੰਨੋਂ ਹਥਿਆਰਬੰਦ ਬਲਾਂ ਦੀਆਂ ਫੌਜੀ ਟੁਕੜੀਆਂ ਨੇ ਵੀ ਪਰੇਡ ਵਿੱਚ ਹਿੱਸਾ ਲਿਆ। ਭਾਰਤੀ ਫੌਜੀ ਟੁਕੜੀ ਦੀ ਅਗਵਾਈ ਪੰਜਾਬ ਰੈਜੀਮੈਂਟ ਦੇ ਨਾਲ-ਨਾਲ ਰਾਜਪੂਤਾਨਾ ਰਾਈਫਲਜ਼ ਰੈਜੀਮੈਂਟ ਨੇ ਕੀਤੀ।

ਭਾਰਤੀ ਹਵਾਈ ਸੈਨਾ ਦੇ ਰਾਫੇਲ ਜੈੱਟਾਂ ਨੇ ਹਾਸ਼ਿਮਾਰਾ ਦੇ 101 ਸਕੁਐਡਰਨ ਤੋਂ, ਪਰੇਡ ਦੌਰਾਨ ਫਲਾਈ ਪਾਸਟ ਕੀਤਾ।

14 ਜੁਲਾਈ ਦਾ ਦਿਨ ਅਸਲ ਵਿੱਚ ਫ੍ਰੈਂਚ ਕ੍ਰਾਂਤੀ ਦੌਰਾਨ 14 ਜੁਲਾਈ, 1789 ਨੂੰ ਬੈਸਟੀਲ ਜੇਲ੍ਹ ਵਿੱਚ ਹੋਈ ਜਬਰਦਸਤ ਬਗਾਵਤ ਦੀ ਵਰ੍ਹੇਗੰਢ ਨੂੰ ਦਰਸਾਉਂਦਾ ਹੈ, ਜੋ ਕਿ ਭਾਰਤੀ ਅਤੇ ਫਰਾਂਸੀਸੀ ਸੰਵਿਧਾਨਾਂ ਦਾ ਕੇਂਦਰੀ ਵਿਸ਼ਾ 'ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ' ਦੇ ਲੋਕਤੰਤਰੀ ਮੁੱਲਾਂ ਦਾ ਪ੍ਰਤੀਕ ਹੈ।

**ਨਵੀਂ ਦਿੱਲੀ**
**14 ਜੂਨ, 2023**